ਦਫ਼ਤਰ ਖੇਤੀਬਾੜੀ ਸਲਾਹਕਾਰ, ਸਿੱਖਿਆ ਵਿਭਾਗ ਪੰਜਾਬ, ਐਸ.ਏ.ਐਸ.ਨਗਰ
ਪੰ.ਸ.ਸਿੱ.ਬੋ.ਕੰਪ., ਬਲਾਕ-ਈ, 7ਵੀਂ ਮੰਜਿਲ, ਫੇਜ਼-8, ਮੋਹਾਲੀ
ਈਮੇਲ: agriconsldpise@gmail.com

ਸੇਵਾ ਵਿਖੇ

**ਵੈਬਸਾਈਟ ਰਾਹੀਂ**

ਪ੍ਰਿੰਸੀਪਲ/ਮੁੱਖ ਅਧਿਆਪਕ/ਇੰਚਾਰਜ,
ਸ.ਸ.ਸ.ਸ./ਹਾਈ ਸਕੂਲ/ਮਿਡਲ ਸਕੂਲ
ਪੰਜਾਬ। (ਕੇਵਲ ਖੇਤੀਬਾੜੀ ਫਾਰਮਾਂ ਵਾਲੇ)
ਮੀਮੋ ਨੰਬਰ: - DPISE-SPLCOGENL/30/2023-480195/2024963051
ਮਿਤੀ: ਐਸਏਐਸ ਨਗਰ: - 16.04.24

ਵਿਸ਼ਾ: ਖੇਤੀਬਾੜੀ ਫਾਰਮਾਂ ਦੀ ਜਮੀਨ ਨੂੰ ਸਾਲ 2024-25 ਵਾਸਤੇ ਬੋਲੀ ਰਾਹੀਂ ਠੇਕੇ ਤੇ ਦੇਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ

ਹਰ ਸਾਲ ਦੀ ਤਰਾਂ ਖੇਤੀਬਾੜੀ ਫਾਰਮਾਂ ਦੀਆਂ ਜਮੀਨਾਂ ਨੂੰ ਸਾਲ 2024-25 ਵਾਸਤੇ ਵੀ ਖੁੱਲ੍ਹੀ ਬੋਲੀ ਰਾਹੀਂ ਇੱਕ ਸਾਲ ਵਾਸਤੇ ਠੇਕੇ ਤੇ ਦਿੱਤਾ ਜਾਣਾ ਹੈ। ਇਸ ਲਈ ਰਾਜ ਦੇ ਖੇਤੀਬਾੜੀ ਫਾਰਮਾਂ ਵਾਲੇ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ-ਆਪਣੇ ਸਕੂਲ ਦੇ ਖੇਤੀਬਾੜੀ ਫਾਰਮ ਦੀ ਜਮੀਨ ਨੂੰ ਸਾਲ 2024-25 ਵਾਸਤੇ (ਮਿਤੀ 01.05.2024 ਤੋਂ 30.04.2025 ਤੱਕ) ਇੱਕ ਸਾਲ ਲਈ ਹੇਠ ਲਿਖੀਆਂ ਸ਼ਰਤਾਂ ਅਧੀਨ ਖੁੱਲ੍ਹੀ ਬੋਲੀ ਰਾਹੀਂ ਠੇਕੇ ਤੇ ਦੇਣ ਦੀ ਕਾਰਵਾਈ ਆਪਣੇ ਪੱਧਰ ਤੇ ਸਮੇਂ ਮੁਕੰਮਲ ਕਰਨੀ ਯਕੀਨੀ ਬਣਾਉਣ ਤਾਂ ਜੋ ਫਾਰਮਾਂ ਦੀ ਜਮੀਨ ਤੋਂ ਪ੍ਰਾਪਤ ਹੋਣ ਵਾਲੇ ਮਾਲੀਏ ਦੀ ਰਾਸ਼ੀ ਸਰਕਾਰ ਦੇ ਖਜਾਨੇ ਵਿੱਚ ਜਮ੍ਹਾਂ ਹੋਣ ਤੇ ਸਰਕਾਰੀ ਖਜਾਨੇ ਦੀ ਆਮਦਨ ਨੂੰ ਹੁਲਾਰਾ ਮਿਲ ਸਕੇ:

ਸ਼ਰਤਾਂ:-

1. ਇਹ ਜਮੀਨ ਕੇਵਲ ਇੱਕ ਸਾਲ ਭਾਵ 2024-25 ਲਈ ਠੇਕੇ ਤੇ ਦਿੱਤੀ ਜਾਵੇਗੀ ਜਿਸਦੀ ਮਿਆਦ 01 ਮਈ, 2024 ਤੋਂ 30 ਅਪ੍ਰੈਲ, 2025 ਤੱਕ ਹੋਵੇਗੀ ।
2. ਸਕੂਲ ਫਾਰਮ ਦੀ ਜਮੀਨ ਸਰਕਾਰੀ ਨਿਯਮਾਂ ਰਾਹੀਂ ਠੇਕੇ ਤੇ ਦਿੱਤੀ ਜਾਵੇ। ਜਮੀਨ ਦੀ ਬੋਲੀ ਕਰਵਾਉਣ ਤੋਂ ਪਹਿਲਾਂ ਲੋਕਲ ਪਿੰਡਾਂ ਵਿੱਚ ਮੁਨਿਆਦੀ ਕਰਵਾਈ ਜਾਵੇ ਅਤੇ ਇਸ਼ਤਿਹਾਰਾਂ ਰਾਹੀਂ ਵੱਧ ਤੋਂ ਵੱਧ ਪਬਲਿਕ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਬੋਲੀ ਵਿੱਚ ਵੱਧ ਤੋਂ ਵੱਧ ਬੋਲੀਕਾਰਾਂ ਦੀ ਸ਼ਮੂਲੀਅਤ ਹੋ ਸਕੇ ਅਤੇ ਜਮੀਨ ਤੋਂ ਵੱਧ ਤੋਂ ਵੱਧ ਮਾਲੀਆ ਪ੍ਰਾਪਤ ਹੋ ਸਕੇ। ਜਮੀਨ ਠੇਕੇ ਤੇ ਲੈਣ ਲਈ ਕਿਸੇ ਵੀ ਪਿੰਡ/ਸ਼ਹਿਰ ਦਾ ਬੋਲੀਕਾਰ ਬੋਲੀ ਵਿੱਚ ਹਿੱਸਾ ਲੈ ਸਕੇਗਾ ।
3. ਜਮੀਨ ਦੀ ਬੋਲੀ ਪਿੱਛਲੇ ਸਾਲ ਦੀਆਂ ਦਰਾਂ ਤੋਂ 5% ਵਾਧੇ ਨਾਲ ਸ਼ੁਰੂ ਕੀਤੀ ਜਾਵੇ।
4. ਜਮੀਨ ਦੇ ਠੇਕੇ ਦੀ ਸਾਰੀ ਰਕਮ ਮੌਕੇ ਤੇ ਹੀ ਵਸੂਲ ਕੀਤੀ ਜਾਵੇ ਅਤੇ ਸਕੂਲ ਮੁੱਖੀ ਵੱਲੋਂ ਇਸਨੂੰ ਸਿੱਖਿਆ ਵਿਭਾਗ ਦੇ ਰਸੀਦ ਹੈਡ," 0202-Education, Sports, Art and Culture- 01- General Education - 102- Secondary Education -03- Other Receipts ਅਧੀਨ ਸਰਕਾਰੀ ਖਜਾਨੇ ਵਿੱਚ ਤੁਰੰਤ ਜਮ੍ਹਾਂ ਕਰਵਾਇਆ ਜਾਵੇ।
5. ਜਮੀਨ ਵਿੱਚ ਮੌਜੂਦ ਪਾਣੀ ਦਾ ਸਾਧਨ ਚਕੌਤੇਦਾਰ ਨੂੰ ਚਲਦੀ ਹਾਲਤ ਵਿੱਚ ਸੌਂਪਿਆ ਜਾਵੇਗਾ ਅਤੇ ਲੀਜ਼ ਪੂਰੀ ਹੋਣ ਤੇ ਚਲਦੀ ਹਾਲ ਵਿੱਚ ਹੀ ਉਸ ਤੋਂ ਵਾਪਸ ਲਿਆ ਜਾਵੇਗਾ। ਜਮੀਨ ਵਿੱਚ ਮੌਜੂਦ ਪਾਣੀ ਦੇ ਸਾਧਨ ਦਾ ਬਿਲ ਬੋਲੀਕਾਰ ਵੱਲੋਂ ਦਿੱਤਾ ਜਾਵੇਗਾ।
6. ਜਮੀਨ ਚਕੌਤੇ ਤੇ ਲੈਣ ਵਾਲਾ ਵਿਅਕਤੀ ਜਮੀਨ ਵਿੱਚੋਂ ਕੋਈ ਦਰੱਖਤ ਨਹੀਂ ਕੱਟੇਗਾ, ਜਮੀਨ ਵਿਚੋਂ ਮਿੱਟੀ ਨਹੀਂ ਚੁੱਕੇਗਾ ਅਤੇ ਨਾਂ ਹੀ ਫਸਲ ਦੇ ਨਾੜ ਨੂੰ ਅੱਗ ਲਗਾਏਗਾ।
7. ਜਮੀਨ ਦੀ ਬੋਲੀ ਉਪਰੰਤ ਸਕੂਲ ਮੁੱਖੀ ਚਕੌਤੇ ਤੇ ਦਿੱਤੀ ਜਮੀਨ ਦਾ ਰਕਬਾ, ਪ੍ਰਾਪਤ ਆਮਦਨ ਅਤੇ ਖਜਾਨੇ ਜਮ੍ਹਾਂ ਕਰਵਾਏ ਚਲਾਨ ਦੀ ਕਾਪੀ ਇਸ ਦਫ਼ਤਰ ਦੀ ਈਮੇਲ agriconsldpise@gmail.com ਤੇ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਭਰ ਕੇ ਬਿਨਾਂ ਕਿਸੇ ਦੇਰੀ ਦੇ ਭੇਜਣੀ ਯਕੀਨੀ ਬਣਾਏ।
8. ਜੇਕਰ ਕਿਸੇ ਸਕੂਲ ਦੇ ਖੇਤੀਬਾੜੀ ਫਾਰਮ ਵਾਲੀ ਜਮੀਨ ਤੇ ਸਾਲ 2024-25 ਦੌਰਾਨ ਸਕੂਲ ਆਫ ਐਮੀਨੈਂਸ ਬਣਾਉਣ ਸਬੰਧੀ ਸਰਕਾਰ/ਵਿਭਾਗ ਵੱਲੋਂ ਜੇ ਕੋਈ ਹਦਾਇਤ ਜਾਰੀ ਕੀਤੀ ਜਾਂਦੀ ਹੈ ਤਾਂ ਉਹ ਸਕੂਲ ਵੀ ਇਸ ਸਬੰਧੀ ਦਫ਼ਤਰ ਨੂੰ ਹਦਾਇਤਾਂ ਦੀ ਕਾਪੀ ਸਮੇਤ ਸੂਚਿਤ ਕਰਨਾ ਯਕੀਨੀ ਬਣਾਉਣ।
9. ਸਕੂਲਾਂ ਦੇ ਖੇਤੀਬਾੜੀ ਫਾਰਮਾਂ ਦੀ ਜਮੀਨ ਨੂੰ ਠੇਕੇ ਤੇ ਦੇਣ ਸਮੇਂ ਕਿਸੇ ਵੀ ਸਟੇਜ ਤੇ ਆਦਰਸ਼ ਚੋਣ ਜਾਬਤੇ ਦੀ ਉਲੰਘਣਾ ਨਹੀਂ ਹੋਣੀ ਚਾਹੀਦੀ। ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਆਦਰਸ਼ ਚੋਣ ਜਾਬਤੇ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਸਬੰਧਤ ਸਕੂਲ ਮੁੱਖੀ ਦੀ ਜਿੰਮੇਵਾਰੀ ਹੋਵੇਗੀ।

16/4/24

ਨੱਥੀ: ਆਮਦਨ ਵੇਰਵੇ ਭੇਜਣ ਲਈ ਪ੍ਰੋਫਾਰਮਾ

ਸਹਾਇਕ ਡਾਇਰੈਕਟਰ (ਖੇਤੀਬਾੜੀ)

ਪਿੱਠ ਅੰਕਣ ਨੰਬਰ:ਉਕਤ/

ਮਿਤੀ:

ਉਤਾਰਾ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ-2 ਜਿਲ੍ਹੇ ਦੇ ਖੇਤੀਬਾੜੀ ਫ਼ਾਰਮਾਂ ਦੀ ਜਮੀਨ ਨੂੰ ਖੁੱਲ੍ਹੀ ਬੋਲੀ ਰਾਹੀਂ ਪਾਰਦਰਸ਼ੀ ਤਰੀਕੇ ਨਾਲ ਠੇਕੇ ਤੇ ਦੇਣ ਦੀ ਕਾਰਵਾਈ ਸਮੇਂ ਸਿਰ ਪੂਰੀ ਕਰਵਾਉਣੀ ਯਕੀਨੀ ਬਣਾਈ ਜਾਵੇ ਅਤੇ ਸਕੂਲਾਂ ਨੂੰ ਪਾਬੰਦ ਕੀਤਾ ਜਾਵੇ ਕਿ ਬੋਲੀ ਉਪਰੰਤ ਜਮੀਨ ਦੀ ਆਮਦਨ ਤੁਰੰਤ ਖਜਾਨੇ ਜਮ੍ਹਾਂ ਕਰਵਾਈ ਜਾਵੇ ਅਤੇ ਆਮਦਨ ਦੇ ਵੇਰਵੇ ਬਿਨਾਂ ਕਿਸੇ ਦੇਰੀ ਤੋਂ ਇਸ ਦਫ਼ਤਰ ਨੂੰ ਭੇਜਣੇ ਯਕੀਨੀ ਬਣਾਏ ਜਾਣ।

ਨੱਥੀ: ਆਮਦਨ ਵੇਰਵੇ ਭੇਜਣ ਲਈ ਪ੍ਰੋਫਾਰਮਾ

ਸਹਾਇਕ ਡਾਇਰੈਕਟਰ (ਖੇਤੀਬਾੜੀ)

ਦਫ਼ਤਰ........................................................

ਵਿਸ਼ਾ: ਖੇਤੀਬਾੜੀ ਸਕੀਮ ਅਧੀਨ ਸਾਲ 2024-25 ਦੀ ਰਿਪੋਰਟ।

1. ਖੇਤੀਬਾੜੀ ਫਾਰਮ ਦੀ ਕੁੱਲ ਜਮੀਨ ..........................................
2. ਮਾਲ ਵਿਭਾਗ ਦੇ ਰਿਕਾਰਡ ਅਨੁਸਾਰ ਜਮੀਨ ਦੀ ਮਲਕੀਅਤ ਕਿਸਦੇ ਨਾਮ ਤੇ ਹੈ ............................................
3. ਰਿਪੋਰਟ ਅਧੀਨ ਸਾਲ ਦੌਰਾਨ ਠੇਕੇ ਤੇ ਦਿੱਤੀ/ਖੁੱਦ ਕਾਸਤ ਕੀਤੀ ਜਮੀਨ ਦਾ ਰਕਬਾ ...........ਕਨਾਲ............ਮਰਲੇ
4. ਰਿਪੋਰਟ ਅਧੀਨ ਸਾਲ ਦੌਰਾਨ ਜਮੀਨ ਤੋਂ ਪ੍ਰਾਪਤ ਕੁੱਲ ਆਮਦਨ ..................................ਰੁਪਏ
5. ਰਿਪੋਰਟ ਅਧੀਨ ਸਾਲ ਦੌਰਾਨ ਖਜਾਨੇ ਜਮ੍ਹਾਂ ਕਰਵਾਈ ਆਮਦਨ ਰਾਸ਼ੀ................ਰੁਪਏ<br>ਚਲਾਨ ਨੰਬਰ.................ਮਿਤੀ......
6. ਕੀ ਜਮੀਨ ਵਿੱਚ ਸਿੰਚਾਈ ਸਾਧਨ ਉਪਲੱਬਧ ਹੈ/ ਕਿਸਮ ..........................................
7. ਰਿਪੋਰਟ ਅਧੀਨ ਸਾਲ ਦੌਰਾਨ ਖੇਤੀਬਾੜੀ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਕੁੱਲ ਗਿਣਤੀ ..........................................
8. ਖੇਤੀਬਾੜੀ ਵਿਸ਼ੇ ਦੀ ਅਸਾਮੀ ਸਬੰਧੀ ਵੇਰਵੇ

| ਕਰਮਚਾਰੀ ਦਾ ਨਾਮ ਤੇ ਅਹੁੱਦਾ | ਜਨਮ ਮਿਤੀ | ਨੌਕਰੀ ਵਿੱਚ ਆਉਣ ਦੀ ਮਿਤੀ | ਸਕੂਲ ਵਿੱਚ ਆਉਣ ਦੀ ਮਿਤੀ | ਸੇਵਾ ਮੁਕਤੀ ਦੀ ਮਿਤੀ | ਮੋ: ਨੰਬਰ | ਸਕੂਲ ਮੁੱਖੀ ਦਾ ਮੋ: ਨੰਬਰ | ਸਕੂਲ ਦੀ ਈਮੇਲ | ਵਿ:ਕਥਨ |
|---|---|---|---|---|---|---|---|---|
| | | | | | | | | |

9. ਦਫ਼ਤਰੀ ਖਰਚੇ ਦੀ ਰਾਸ਼ੀ ਦਾ ਵੇਰਵਾ (ਕੇਵਲ ਖੇਤੀਬਾੜੀ ਫਾਰਮ ਲਈ ਅਲਾਟ ਰਾਸ਼ੀ ਸਬੰਧੀ)

| ਰਿਪੋਰਟ ਅਧੀਨ ਸਾਲ ਦੌਰਾਨ ਸਕੂਲ ਨੂੰ ਪ੍ਰਾਪਤ ਬਜਟ | ਖਰਚ ਕੀਤੀ ਰਾਸ਼ੀ | ਮੰਤਵ | ਜੇਕਰ ਖਰਚ ਨਹੀਂ ਹੋ ਸਕੀ ਤਾਂ ਕਾਰਨ | ਚਾਲੂ ਸਾਲ ਦੌਰਾਨ ਬਜਟ ਡਿਮਾਂਡ | ਮੰਤਵ |
|---|---|---|---|---|---|
| | | | | | |

10. ਸਕੂਲ ਵੱਲੋਂ ਜੇਕਰ ਕੋਈ ਹੋਰ ਵਿਵਰਣ ਦਰਜ ਕਰਨਾ ਹੋਵੇ ਤਾਂ ਦਰਜ ਕੀਤਾ ਜਾਵੇ..................................................
.......................................................................................................................................

ਸਥਾਨ:

ਮਿਤੀ:

ਸੰਸਥਾ ਮੁੱਖੀ ਹਸਤਾਖਰ/ ਮੋਹਰ